**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ**
**(ਅਮਲਾ-1 ਸਾਖਾ)**

ਹੁਕਮ ਨੰ: 13/97-2016ਅ-1(8)
ਮਿਤੀ, ਸਅਸ ਨਗਰ: 23-8-16

**ਮਿਤੀ 03-07-2016 ਨੂੰ ਪਦ-ਉੱਨਤ ਹੋਏ ਲੈਕਚਰਾਰਾਂ ਦੀ ਸੂਚਨਾ ਲਈ**

ਸਿਵਲ ਰਿੱਟ ਪਟੀਸਨ ਨੰ 13563 ਆਫ 2016 ਅਤੇ ਹੋਰ ਰਿੱਟ ਪਟੀਸਨਾਂ ਰਾਂਹੀ ਮਿਤੀ 03-07-2016 ਦੇ ਬਤੌਰ ਲੈਕਚਰਾਰ ਪੱਦ ਉੱਨਤੀਆ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ। ਇਨ੍ਹਾ ਕੇਸਾਂ ਦੇ ਪਟੀਸਨਰਾ ਨੂੰ ਪੱਦ ਉੱਨਤੀ ਲਈ ਯੋਗ ਇਸ ਅਧਾਰ ਤੇ ਨਹੀ ਮੰਨਿਆ ਗਿਆ ਕਿ ਉਨਾ ਦੁਆਰਾ ਲੋੜੀਦੀਆਂ ਯੋਗਤਾਂਵਾ ਹਿਮਾਚਲ ਪ੍ਰਦੇਸ/ਅੰਨਮਲਾਈ/ਮਧੁਰਾਏ ਕਾਮਰਾਜ ਯੂਨੀਵਰਸਟੀ ਤੋਂ ਡਿਸਟੇਂਸ ਮੋਡ ਰਾਂਹੀ ਯੂਨੀਵਰਸਟੀ ਦੀ ਟੈਰੀਟੋਰੀਅਲ ਜੂਰੀਡਿਕਸਨ ਤੋਂ ਬਾਹਰ ਰਹਿ ਕੇ (ਪ੍ਰੀਖਿਆ ਕੇਂਦਰ ਜਾਂ/ਅਤੇ ਪੀ.ਸੀ.ਪੀ.) ਪ੍ਰਾਪਤ ਕੀਤੀਆ ਗਈਆ ਹਨ।

ਮਿਤੀ 03-07-2016 ਰਾਂਹੀ 18 ਵਿਸਿਆ ਵਿੱਚ ਪੱਦ ਉੱਨਤ ਕੀਤੇ ਲੈਕਚਰਾਰਾ ਨੂੰ ਮਿਤੀ 11-07-2016 ਤੋਂ 14-07-2016 ਤੱਕ ਪੋਸਟਿੰਗ ਦੇ ਦਿੱਤੀ ਗਈ ਸੀ ਅਤੇ ਕੁਝ ਲੈਕਚਰਾਰ ਹਾਜਰ ਵੀ ਹੋ ਚੁੱਕੇ ਸਨ, ਪ੍ਰੰਤੂ ਮਿਤੀ 14-07-2016 ਨੂੰ ਪੱਦ ਉੱਨਤੀ ਦੇ ਹੁਕਮ ਮਾਨਯੋਗ ਹਾਈਕੋਰਟ ਵਲੋਂ ਸਟੇਅ ਕਰ ਦਿੱਤੇ ਜਾਣ ਕਾਰਨ ਮਿਤੀ 15-07-2016 ਨੂੰ ਪੋਲ ਸਾਂਇਸ ਅਤੇ ਹਿਸਟਰੀ ਵਿਸ਼ੇ ਦੇ ਪੱਦ ਉੱਨਤ ਲੈਕਚਰਾਰਾ ਨੂੰ ਦਿੱਤੀ ਜਾਣ ਵਾਲੀ ਪੋਸਟਿੰਗ ਮੁਲਤਵੀ ਕਰ ਦਿੱਤੀ ਗਈ ਸੀ ਅਤੇ ਪਹਿਲਾਂ ਹਾਜਰ ਹੋ ਚੁੱਕੇ ਲੈਕਚਰਾਰਾ ਨੂੰ ਬਤੌਰ ਮਾਸਟਰ ਟਰੀਟ ਕਰਨ ਦੇ ਹੁਕਮ ਜਾਰੀ ਕਰ ਦਿਤੇ ਗਏ ਸਨ।

ਮਿਤੀ 10-08-2016 ਨੂੰ ਮਾਨਯੋਗ ਹਾਈਕੋਰਟ ਵਲੋਂ ਸਟੇਅ ਦੇ ਹੁਕਮ Modify ਕਰਦੇ ਹੋਏ ਹੇਠ ਅਨੁਸਾਰ ਹੁਕਮ ਕੀਤੇ ਗਏ ਹਨ:-

*"Adjourned to 05.10.2016 for arguments.*

*Reply on behalf of the State and UGC be filed one week in advance. At this stage, learned State Counsel, on instructions, prays for modification of the interim order granted on 14.07.2016 on account of administrative difficulties being faced, with the assurance that no fresh promotion orders would be passed against the remaining vacancies in the promotion quota till the decision of the instant petitions.*

*The prayer made on behalf of the State is reasonable and, therefore, accepted. Accordingly, the interim order dated 14.07.2016 is modified to the effect that all promotion pursuant to the impugned orders 03.07.2016 (Annexure P-13 collectively) shall be subject to the decision of the present set of writ petitions in their respective streams, and State would be bound by its aforesaid stand canvassed through the learned Deputy Advocate General, Punjab.*

*CM Nos. 8486-87 & 9238 of 2016 in CWP No. 13563 of 2016*
*CM Nos. 8598-99 of 2016 in CWP No. 13563 of 2016*
*CM Nos. 8636-38 of 2016 in CWP No. 13563 of 2016*

*In view of the aforesaid modification, learned counsel for the applicants submit that their respective applications for impleadment and modification/vacation of stay, if any, have been rendered in fructuous, therefore, the same may be disposed of."*

ਮਾਨਯੋਗ ਕੋਰਟ ਦੇ ਉਪਰੋਕਤ ਹੁਕਮਾਂ ਦੇ ਸਨਮੁੱਖ:-

1. ਪੋਲ ਸਾਇੰਸ ਅਤੇ ਹਿਸਟਰੀ ਦੇ ਮਿਤੀ 03-07-2016 ਰਾਹੀ ਪੱਦ ਉੱਨਤ ਹੋਏ ਲੈਕਚਰਾਰਾ ਨੂੰ ਸਟੇਸਨ ਚੋਣ ਲਈ ਮਿਤੀ 27-08-2016 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ, ਫੇਜ-8, ਸ.ਅ.ਸ. ਨਗਰ ਵਿਖੇ ਹੇਠ ਲਿਖੇ ਸੈਡਿਊਲ ਅਨੁਸਾਰ ਬੁਲਾਇਆ ਜਾਂਦਾ ਹੈ:-

| ਵਿਸਾ | ਸਮਾਂ |
|---|---|
| ਹਿਸਟਰੀ | 09:00 ਵਜੇ |
| ਪੋਲ ਸਾਇੰਸ | 12:00 ਵਜੇ |

2. ਬਾਕੀ ਵਿਸਿਆਂ ਵਿੱਚ ਪਦ-ਉੱਨਤ ਲੈਕਚਰਾਰਾਂ ਨੂੰ ਵੀ ਇੱਕ ਵਾਰ ਫਿਰ ਇਹਨਾਂ ਹੁਕਮਾਂ ਦੇ ਜਾਰੀ ਹੋਣ ਦੀ ਮਿਤੀ ਤੋਂ ਚਾਰ ਦਿਨ ਦਾ ਸਮਾਂ ਹਾਜਰੀ ਲਈ ਦਿੱਤਾ ਜਾਂਦਾ ਹੈ। ਮਿੱਥੇ ਸਮੇਂ ਵਿੱਚ ਹਾਜਰ ਹੋਣ ਵਾਲੇ ਲੈਕਚਰਾਰਾਂ ਦੀ ਪਦ-ਉੱਨਤੀ ਦੀ ਮਿਤੀ ਹਰ ਮੰਤਵ ਲਈ 03.07.2016 ਮੰਨੀ ਜਾਵੇਗੀ ਪਰੰਤੂ ਮਿਤੀ 03-07-2016 ਤੋਂ ਨੋਸਨਲ ਪੇ ਫਿਕਸੇਸਨ ਦਾ ਲਾਭ ਦਿੱਤਾ ਜਾਵੇਗਾ। ਪੇ ਫਿਕਸੇਸਨ ਦਾ ਅਸਲ ਵਿੱਤੀ ਲਾਭ ਮਿਤੀ 10-08-2016 (ਮਾਨਯੋਗ ਕੋਰਟ ਵੱਲੋਂ ਸਟੇਅ ਹਟਾਉਣ ਦੇ ਹੁਕਮ ਦੀ ਮਿਤੀ) ਤੋਂ ਉਹਨਾਂ ਕਰਮਚਾਰੀਆਂ ਨੂੰ ਦਿੱਤਾ ਜਾਵੇਗਾ ਜੋ ਪਹਿਲਾਂ ਹੀ ਆਪਣੀ ਨਵੀਂ ਤਾਇਨਾਤੀ ਵਾਲੀ ਥਾਂ ਤੇ ਹਾਜਰ ਹੋ ਚੁੱਕੇ ਹਨ। ਜੋ ਕਰਮਚਾਰੀ ਹਾਲੇ ਤੱਕ ਹਾਜਰ ਨਹੀਂ ਹੋਏ ਪਰੰਤੂ ਹੁਣ ਦਿੱਤੇ ਗਏ ਸਮੇਂ ਦੌਰਾਨ ਹਾਜਰ ਹੋ ਜਾਣਗੇ, ਉਹਨਾਂ ਨੂੰ ਉਹਨਾਂ ਦੀ ਅਸਲ ਹਾਜਰੀ ਦੀ ਮਿਤੀ ਤੋਂ ਅਸਲ ਵਿੱਤੀ ਲਾਭ ਦਿੱਤੇ ਜਾਣਗੇ।

ਮਾਨਯੋਗ ਹਾਈਕੋਰਟ ਦੇ ਅੰਤਰਿਮ ਹੁਕਮ ਮਿਤੀ 10-08-2016 ਅਨੁਸਾਰ ਮਿਤੀ 03-07-2016 ਨੂੰ ਹੋਈਆਂ ਪਦ-ਉੱਨਤੀਆਂ ਤੇ ਸਿਵਲ ਰਿੱਟ ਪਟੀਸਨ ਨੰ: 13563 ਆਫ 2016 ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਬੰਧਤ ਰਿੱਟ ਪਟੀਸਨਾਂ ਵਿੱਚ ਹੋਣ ਵਾਲਾ ਫੈਸਲਾ ਲਾਗੂ ਹੋਵੇਗਾ।

ਨੋਟ:- ਪੰਜਾਬ ਦੇ ਸਾਰੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਜਿਲ੍ਹੇ ਵਿੱਚ ਲੈਕਚਰਾਰ ਹਿਸਟਰੀ ਅਤੇ ਪੋਲ ਸਾਇੰਸ ਦੀਆਂ ਖਾਲੀ ਅਸਾਮੀਆਂ ਸਬੰਧੀ ਸੂਚਨਾ (ਅੰਗਰੇਜੀ ਵਿੱਚ) ਮਿਤੀ 24.08.2016 ਨੂੰ ਸਾਮ 04:00 ਵਜੇ ਤੋਂ ਪਹਿਲਾਂ ਪਹਿਲਾਂ ਹਰ ਹਾਲਤ ਵਿੱਚ ਇਸ ਦਫਤਰ ਦੀ ਈ-ਮੇਲ ਆਈ.ਡੀ. adsa1.dpise@gmail.com ਅਤੇ ਐਮ.ਆਈ.ਐਸ. ਵਿੰਗ ਦੀ ਈ-ਮੇਲ ਆਈ.ਡੀ. rajvir1980@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਹਰੇਕ ਜਿਲ੍ਹੇ ਦੇ ਸਬੰਧਤ ਡੀਲਿੰਗ ਹੈਂਡ ਨੂੰ ਮਿਤੀ 27.08.2016 ਨੂੰ ਸਟੇਸ਼ਨ ਚੋਣ ਦੌਰਾਨ ਹਾਜ਼ਰ ਰਹਿਣ ਦੀ ਹਦਾਇਤ ਕੀਤੀ ਜਾਵੇ। ਵਕੈਂਸੀ ਲਿਸਟ ਭੇਜਣ ਵਿੱਚ ਕੋਈ ਲਾਪਰਵਾਹੀ ਨਾ ਕੀਤੀ ਜਾਵੇ।

ਬਲਬੀਰ ਸਿੰਘ,
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਪਿੱਠ ਅੰਕਣ ਨੰ: ਉਕਤ

ਮਿਤੀ, ਸਅਸ ਨਗਰ: 23-8-16

1. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹੁਕਮਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਐਮ.ਆਈ.ਐਸ. ਵਿੰਗ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਟੇਸਨ ਚੋਣ ਦੌਰਾਨ ਇਸ ਦਫਤਰ ਦੀ ਸਹਾਇਤਾ ਲਈ ਮਿਤੀ 27.08.2016 ਨੂੰ ਸਵੇਰੇ 08:00 ਵਜੇ ਹਾਜਰ ਰਹਿਣ।
3. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਸ.ਅ.ਸ.ਨਗਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 27.08.2016 ਨੂੰ ਰੱਖੀ ਗਈ ਸਟੇਸਨ ਚੋਣ ਵਿੱਚ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਨੇ ਸਮੂਲੀਅਤ ਕਰਨੀ ਹੈ, ਇਸ ਲਈ ਮਿਤੀ 27.08.2016 ਨੂੰ ਆਡੀਟੋਰੀਅਮ ਬੁੱਕ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਕੇਅਰ ਟੇਕਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇਸ ਸਟੇਸਨ ਚੋਣ ਦੌਰਾਨ ਹਾਜਰ ਰਹਿਣ ਦੀ ਵੀ ਹਦਾਇਤ ਕੀਤੀ ਜਾਵੇ।
4. ਸਮੂਹ ਮੰਡਲ ਸਿੱਖਿਆ ਅਫਸਰ।
5. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)।
6. ਡਾਇਰੈਕਟਰ ਸਿੱਖਿਆ ਵਿਭਾਗ, ਯੂ.ਟੀ. ਚੰਡੀਗੜ੍ਹ।
7. ਕੇਅਰ ਟੇਕਰ, ਦ: ਡੀ.ਪੀ.ਆਈ. (ਸੈ:ਸਿ:) ਪੰਜਾਬ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਟੇਸਨ ਚੋਣ ਦੌਰਾਨ ਹਾਜਰ ਰਹਿਣ।

ਸਹਾਇਕ ਡਾਇਰੈਕਟਰ (ਸ:ਪ੍ਰ:-1)